BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਇਨੋਵੇਸ਼ਨ ਡਿਸਟ੍ਰਿਕਟ ਵੀਡੀਓ ਲਈ ਮਾਰਕੀਟਿੰਗ ਅਵਾਰਡ ਜਿੱਤਿਆ

ਬ੍ਰੈਂਪਟਨ, ਓਨਟੈਰੀਓ (10 ਮਾਰਚ, 2022) – ਸਿਟੀ ਆਫ ਬ੍ਰੈਂਪਟਨ ਨੇ ਆਪਣੇ ਇਨੋਵੇਸ਼ਨ ਡਿਸਟ੍ਰਿਕਟ ਵੀਡੀਓ (Innovation District video) ਲਈ, ਇਕੋਨੋਮਿਕ ਡਿਵੈਲਪਰਸ ਐਸੋਸੀਏਸ਼ਨ ਆਫ ਕੈਨੇਡਾ (ਈ.ਡੀ.ਏ.ਸੀ.) (Economic Developer's Association of Canada) (EDAC) ਮਾਰਕੀਟਿੰਗ ਕੈਨੇਡਾ ਅਵਾਰਡ (Marketing Canada Award) ਜਿੱਤਿਆ ਹੈ।

ਸਿਟੀ ਲਗਾਤਾਰ, ਇਨੋਵੇਸ਼ਨ ਅਤੇ ਉੱਦਮੀ ਈਕੋਸਿਸਟਮ ਬਣਾ ਕੇ, ਆਪਣੇ ਡਾਊਨਟਾਊਨ ਦਾ ਪੁਨਰ ਨਿਰਮਾਣ ਕਰ ਰਹੀ ਹੈ ਅਤੇ ਇਸਦੀ ਆਰਥਿਕ ਸਮਰੱਥਾ ਦਾ ਵੱਧ ਤੋਂ ਵੱਧ ਫਾਇਦਾ ਲੈ ਰਹੀ ਹੈ: ਬ੍ਰੈਂਪਟਨ ਇਨੋਵੇਸ਼ਨ ਡਿਸਟ੍ਰਿਕਟ (Brampton Innovation District)। ਅਕਤੂਬਰ 2021 ਵਿੱਚ, ਬ੍ਰੈਂਪਟਨ ਇਕੋਨੋਮਿਕ ਡਿਵੈਲਪਮੈਂਟ ਆਫਿਸ (Brampton Economic Development Office) ਨੇ, ਇਸ ਇਨੋਵੇਸ਼ਨ ਈਕੋਸਿਸਟਮ ਦੇ ਅਸਰਾਂ ਨੂੰ ਉਜਾਗਰ ਕਰਨ ਵਾਸਤੇ, ਆਪਣੇ ਇਨੋਵੇਸ਼ਨ ਡਿਸਟ੍ਰਿਕਟ (Innovation District) ਵੀਡੀਓ ਦੀ ਸ਼ੁਰੂਆਤ ਕੀਤੀ ਸੀ।

ਇਨੋਵੇਸ਼ਨ ਡਿਸਟ੍ਰਿਕਟ ਦਾ ਸਪਸ਼ਟ ਧਿਆਨ, ਸਟਾਰਟ-ਅਪ ਸਕੇਲਿੰਗ, ਨਿਵੇਸ਼ ਆਕਰਸ਼ਣ ਅਤੇ ਪ੍ਰਤਿਭਾ ਵਿਕਾਸ ਉੱਤੇ ਹੈ ਅਤੇ ਇਹ ਉੱਦਮੀਆਂ ਅਤੇ ਨਵੇਂ ਕਾਰੋਬਾਰਾਂ ਲਈ ਲੋਕਲ ਸਹਾਇਤਾ ਪ੍ਰਦਾਨ ਕਰਦਾ ਹੈ। ਇਹ ਨਵੀਂ ਟੈਕਨੋਲੋਜੀ ਬਣਾਉਣ ਵਿੱਚ, ਇਨੋਵੇਸ਼ਨ ਅਤੇ ਟੈਕਨੋਲੋਜੀ ਕੰਪਨੀਆਂ ਦੀ ਸਹਾਇਤਾ ਲਈ ਵਸੀਲੇ ਵੀ ਪੇਸ਼ ਕਰਦਾ ਹੈ। 2019 ਵਿੱਚ ਸਮਝੌਤੇ ਸ਼ੁਰੂ ਕਰਕੇ, ਸਿਟੀ ਨੇ ਆਪਣੇ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਇਨੋਵੇਸ਼ਨ ਡਿਸਟ੍ਰਿਕਟ ਦੇ ਭਾਈਵਾਲਾਂ ਦੇ ਦੁਆਰਾ ਕੀਤੇ ਜਾ ਰਹੇ ਨਿਵੇਸ਼ਾਂ ਵਿੱਚ, ਲਗਭਗ 55.2 ਮਿਲੀਅਨ ਡਾਲਰ ਦੇ ਵਾਧੂ ਨਿਵੇਸ਼ ਦੇ ਨਾਲ, ਲਗਭਗ 20.5 ਮਿਲੀਅਨ ਡਾਲਰ ਦੇ ਨਿਵੇਸ਼ ਲਈ ਵਚਨਬੱਧਤਾ ਕੀਤੀ ਹੈ।

2019 ਤੋਂ 2021 ਤੱਕ, ਛੇ ਨਵੀਆਂ ਭਾਈਵਾਲੀਆਂ ਨੇ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਆਪਣੀ ਮੌਜੂਦਗੀ ਸਥਾਪਤ ਕੀਤੀ ਹੈ। ਇਨੋਵੇਸ਼ਨ ਡਿਸਟ੍ਰਿਕਟ ਵਿੱਚ ਭਾਈਵਾਲਾਂ ਵਿੱਚ ਸ਼ਾਮਲ ਹਨ, ਉੱਦਮੀ, ਬਿਜਨੇਸ ਇਨਕਿਊਬੇਸ਼ਨ, ਪੋਸਟ-ਸੈਕੰਡਰੀ ਟ੍ਰੇਨਿੰਗ ਅਤੇ ਐਕਸਲਰੇਟਰ ਥਾਵਾਂ, ਜਿਵੇਂ ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ (Brampton Entrepreneur Centre), BHive ਬ੍ਰੈਂਪਟਨ (BHive Brampton), ਰਾਇਰਸਨ-ਸੰਚਾਲਿਤ ਵੈਂਚਰ ਜ਼ੋਨ (Ryerson-led Venture Zone), ਅਲਟੀਟਿਊਡ ਐਕਸਲਰੇਟਰ (Altitude Accelerator), ਫਾਊਂਡਰ ਇੰਸਟੀਟਿਊਟ (Founder Institute), ਅਲਗੋਮਾ ਯੂਨੀਵਰਸਿਟੀ (Algoma University) ਅਤੇ ਰੋਜਰਸ ਸਾਇਬਰਸਿਕਿਓਰ ਕੈਟਾਲਿਸਟ ਹੈਡਕੁਆਰਟਰਸ ਐਂਡ ਐਕਸਲਰੇਟਰ (Rogers Cybersecure Catalyst Headquarters and Accelerator)। ਸ਼ੈਰੀਡਨ ਐਜ (Sheridan Edge), ਬ੍ਰੈਂਪਟਨ ਬੋਰਡ ਆਫ ਟ੍ਰੇਡ (Brampton Board of Trade) ਅਤੇ ਡਾਊਨਟਾਊਨ ਬ੍ਰੈਂਪਟਨ ਬੀ.ਆਈ.ਏ. (Downtown Brampton BIA) ਵੀ, ਇਨੋਵੇਸ਼ਨ ਡਿਸਟ੍ਰਿਕਟ ਬਣਾਉਣ ਵਿੱਚ ਮਹੱਤਵਪੂਰਣ ਭਾਈਵਾਲ ਹਨ।

ਟਰਮ ਆਫ ਕਾਊਂਸਿਲ ਪ੍ਰਾਇਰਟੀਜ (Term of Council Priorities) ਤੇ ਅਧਾਰਿਤ, ਜਾਰੀ ਪਰਿਵਰਤਨਕਾਰੀ ਪਹਿਲਕਦਮੀਆਂ, ਸੰਪੂਰਣ ਕਮਿਊਨਿਟੀਜ ਬਣਾਉਣ, ਆਰਥਿਕ ਸਮਰੱਥਾ ਦਾ ਵੱਧ ਤੋਂ ਵੱਧ ਫਾਇਦਾ ਲੈਣ ਅਤੇ ਬ੍ਰੈਂਪਟਨ ਨੂੰ ਇਨੋਵੇਸ਼ਨ ਕੋਰੀਡੋਰ (Innovation Corridor) ਤੇ ਬੇਜੋੜ ਪੋਜੀਸ਼ਨ ਤੇ ਲਿਆਉਣ ਵਿੱਚ ਮਦਦ ਕਰਨਗੀਆਂ।

ਕੋਵਿਡ-19 (COVID-19) ਦੇ ਦੌਰਾਨ, ਸਿਟੀ ਨੇ ਡਾਊਨਟਾਊਨ ਨਿਵੇਸ਼ ਨੂੰ ਵਧਾਉਣ ਅਤੇ ਬ੍ਰੈਂਪਟਨ ਦੇ ਕੇਂਦਰ ਵਿੱਚ ਨਵੇਂ ਵਿਕਾਸ ਨੂੰ ਵਧਾਉਣ ਵਾਸਤੇ ਕੰਮ ਜਾਰੀ ਰੱਖਿਆ ਹੈ। ਸਿਟੀ ਦੇ ਇਨੋਵੇਸ਼ਨ ਡਿਸਟ੍ਰਿਕਟ ਦਾ ਲਗਾਤਾਰ ਵਿਕਾਸ, ਇਸਦੀ ਇਕੋਨੋਮਿਕ ਰਿਕਵਰੀ ਸਟ੍ਰੈਟਜੀ (Economic Recovery Strategy) ਦਾ ਮੁੱਖ ਹਿੱਸਾ ਹੈ ਅਤੇ ਇਹ ਲਗਾਤਾਰ ਵਾਧੇ ਲਈ ਤਿਆਰ ਕੀਤੇ ਸੈਕਟਰਾਂ ਤੇ ਧਿਆਨ ਕੇਂਦਰਿਤ ਕਰਕੇ, ਮਹਾਂਮਾਰੀ ਦੇ ਅਸਰਾਂ ਤੋਂ ਨਿੱਕਲਣ ਵਿੱਚ ਸਿਟੀ ਦੀ ਮਦਦ ਕਰੇਗਾ, ਜਿਵੇਂ ਸਾਇਬਰਸਿਕਿਓਰਿਟੀ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ।

ਇਨੋਵੇਸ਼ਨ ਡਿਸਟ੍ਰਿਕਟ ਬਾਰੇ ਹੋਰ ਜਾਣਨ ਲਈ, www.bramptoninnovationdistrict.com ਤੇ ਜਾਓ ਜਾਂ ਸਿਟੀ ਦਾ ਇਨੋਵੇਸ਼ਨ ਡਿਸਟ੍ਰਿਕਟ ਵੀਡੀਓ (video) ਦੇਖੋ।

**ਇਕੋਨੋਮਿਕ ਡਿਵੈਲਪਰਸ ਐਸੋਸੀਏਸ਼ਨ ਆਫ ਕੈਨੇਡਾ ਅਤੇ ਮਾਰਕੀਟਿੰਗ ਕੈਨੇਡਾ ਅਵਾਰਡਸ ਬਾਰੇ**

ਈ.ਡੀ.ਏ.ਸੀ., ਲਗਭਗ 1,000 ਮੈਂਬਰਾਂ ਵਾਲੀ, ਪੂਰੇ ਕੈਨੇਡਾ ਵਿੱਚ ਹਰੇਕ ਸੂਬੇ ਅਤੇ ਇਲਾਕੇ ਦੀ ਨੁਮਾਇੰਦਗੀ ਕਰਦੇ ਹੋਏ, ਕੈਨੇਡਾ ਦੇ ਆਰਥਿਕ ਵਿਕਾਸ ਪੇਸ਼ਾਵਰਾਂ ਦੀ ਰਾਸ਼ਟਰੀ ਐਸੋਸੀਏਸ਼ਨ ਹੈ। ਇਹ ਐਸੋਸੀਏਸ਼ਨ ਸਮਝਦੀ ਹੈ ਕਿ ਕਿਸੇ ਕਮਿਊਨਿਟੀ ਦੀ ਮਾਰਕੀਟਿੰਗ, ਆਰਥਿਕ ਵਿਕਾਸ ਸਬੰਧੀ ਪੇਸ਼ੇ ਦਾ ਇੱਕ ਮਹੱਤਵਪੂਰਣ ਹਿੱਸਾ ਹੈ। ਮਾਰਕੀਟਿੰਗ ਕੈਨੇਡਾ ਅਵਾਰਡਸ, ਉਹਨਾਂ ਸੰਗਠਨਾਂ ਲਈ ਖੁੱਲੇ ਹਨ, ਜੋ ਕੈਨੇਡਾ ਵਾਸੀਆਂ ਦੀ ਆਰਥਿਕ ਸਿਹਤ ਵਿੱਚ ਸੁਧਾਰ ਕਰਨ ਦੇ ਦ੍ਰਿਸ਼ਟੀਕੋਣ ਦੇ ਨਾਲ, ਕੈਨੇਡਾ ਦੇ ਸੂਬਿਆਂ, ਇਲਾਕਿਆਂ, ਰੀਜਨਸ, ਸ਼ਹਿਰਾਂ, ਟਾਊਨਸ ਅਤੇ ਖੇਤਰਾਂ ਦਾ ਪ੍ਰਚਾਰ ਅਤੇ ਮਾਰਕੀਟਿੰਗ ਕਰਦੇ ਹਨ।

**ਹਵਾਲੇ**

"ਬ੍ਰੈਂਪਟਨ ਵਿੱਚ ਰੋਮਾਂਚਕ ਪਰਿਵਰਤਨ ਜਾਰੀ ਹੈ ਅਤੇ ਸਾਡੇ ਭਾਈਵਾਲਾਂ ਦੇ ਨਾਲ ਮਿਲ ਕੇ ਇਕੱਠੇ, ਅਸੀਂ ਸਾਡੇ ਇਨੋਵੇਸ਼ਨ ਡਿਸਟ੍ਰਿਕਟ ਨੂੰ ਇੱਕ ਵੱਡੇ ਸਿੱਖਿਆ ਅਤੇ ਇਨੋਵੇਸ਼ਨ ਕੇਂਦਰ ਵਿੱਚ ਵਿਕਸਿਤ ਕਰ ਰਹੇ ਹਾਂ। ਅਸੀਂ ਜਾਣਦੇ ਹਾਂ ਕਿ ਇਨੋਵੇਸ਼ਨ ਵਿੱਚ ਗਲੋਬਲ ਲੀਡਰ ਵਜੋਂ ਸਾਡੀ ਵੱਖਰੀ ਪਛਾਣ ਬਣਾਉਣ ਵਿੱਚ, ਮਾਰਕੀਟਿੰਗ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ ਅਤੇ ਅਸੀਂ ਜਾਰੀ ਨਿਵੇਸ਼ ਨੂੰ ਆਕਰਸ਼ਿਤ ਕਰਨ ਵਾਸਤੇ ਬ੍ਰੈਂਪਟਨ ਦੀਆਂ ਕਈ ਸਮਰਥਤਾਵਾਂ ਨੂੰ ਉਜਾਗਰ ਕਰਨ ਲਈ ਵਚਨਬੱਧ ਹਾਂ। ਸਾਨੂੰ ਮਾਣ ਹੈ ਕਿ ਇਕੋਨੋਮਿਕ ਡਿਵੈਲਪਰਸ ਐਸੋਸੀਏਸ਼ਨ ਆਫ ਕੈਨੇਡਾ ਨੇ ਸਾਡੇ ਇਨੋਵੇਸ਼ਨ ਡਿਸਟ੍ਰਿਕਟ ਵੀਡੀਓ ਨੂੰ ਮਾਨਤਾ ਦਿੱਤੀ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਡਾਊਨਟਾਊਨ ਬ੍ਰੈਂਪਟਨ ਨੂੰ ਇਨੋਵੇਸ਼ਨ ਅਤੇ ਉੱਦਮੀ ਕੇਂਦਰ ਵਜੋਂ ਸਥਾਪਿਤ ਕਰਨਾ ਜਾਰੀ ਰੱਖ ਕੇ, ਅਸੀਂ ਵਾਧਾ ਸੰਚਾਲਿਤ ਕਰ ਰਹੇ ਹਾਂ, ਜੋ ਸਾਡੇ ਨਿਵਾਸੀਆਂ, ਵਿਦਿਆਰਥੀਆਂ ਅਤੇ ਕਾਰੋਬਾਰਾਂ ਨੂੰ ਫਾਇਦਾ ਪਹੁੰਚਾਏਗਾ। ਇਨੋਵੇਸ਼ਨ ਡਿਸਟ੍ਰਿਕਟ ਵੀਡੀਓ, ਸਾਡੇ ਇਨੋਵੇਸ਼ਨ ਈਕੋਸਿਸਟਮ ਦੇ ਅਸਰਾਂ ਨੂੰ ਉਜਾਗਰ ਕਰਨ ਦਾ ਸ਼ਾਨਦਾਰ ਕੰਮ ਕਰਦਾ ਹੈ ਅਤੇ ਇਹ ਸਾਡੀ ਸਹਾਇਤਾ ਕਰੇਗਾ ਕਿਉਂਕਿ ਅਸੀਂ ਸਾਡੇ ਡਾਊਨਟਾਊਨ ਦੇ ਕੇਂਦਰ ਵਿੱਚ ਲਗਾਤਾਰ ਨਿਵੇਸ਼ ਪੈਦਾ ਕਰ ਰਹੇ ਹਾਂ। ਇਸਨੂੰ, ਇਕੋਨੋਮਿਕ ਡਿਵੈਲਪਰਸ ਐਸੋਸੀਏਸ਼ਨ ਆਫ ਕੈਨੇਡਾ ਵੱਲੋਂ ਮਾਨਤਾ ਮਿਲਣਾ ਸਨਮਾਨ ਦੀ ਗੱਲ ਹੈ।"

- *ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਚੇਅਰ, ਇਕੋਨੋਮਿਕ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

"ਅਸੀਂ ਸਾਡੇ ਡਾਊਨਟਾਊਨ ਦਾ ਪੁਨਰ ਨਿਰਮਾਣ ਕਰ ਰਹੇ ਹਾਂ ਅਤੇ ਇਸਦੀ ਸਮਰੱਥਾ ਦਾ ਵੱਧ ਤੋਂ ਵੱਧ ਫਾਇਦਾ ਲੈ ਰਹੇ ਹਾਂ ਅਤੇ ਸਾਡੇ ਇਨੋਵੇਸ਼ਨ ਡਿਸਟ੍ਰਿਕਟ ਵਿਚਲੀਆਂ ਮੁੱਖ ਪਹਿਲਕਦਮੀਆਂ ਨੂੰ ਅੱਗੇ ਵਧਾ ਕੇ ਸੰਪੂਰਣ ਕਮਿਊਨਿਟੀਜ ਬਣਾ ਰਹੇ ਹਾਂ। ਬ੍ਰੈਂਪਟਨ ਦਾ ਮਤਲਬ ਹੈ ਕਾਰੋਬਾਰ, ਅਤੇ ਸਾਡਾ ਇਨੋਵੇਸ਼ਨ ਡਿਸਟ੍ਰਿਕਟ ਵੀਡੀਓ, ਇਹ ਦਰਸਾਉਣ ਦਾ ਸ਼ਾਨਦਾਰ ਕੰਮ ਕਰਦਾ ਹੈ। ਸਾਡੇ ਬਹੁਮੁੱਲੇ ਇਨੋਵੇਸ਼ਨ ਡਿਸਟ੍ਰਿਕਟ ਭਾਈਵਾਲਾਂ ਦੇ ਨਾਲ ਮਿਲਕੇ ਇਕੱਠੇ, ਅਸੀਂ ਸਾਡੇ ਸ਼ਹਿਰ ਦੇ ਬਿਲਕੁੱਲ ਵਿਚਾਲੇ, ਸਰਬੋਤਮ ਸਿੱਖਿਆ ਅਤੇ ਇਨੋਵੇਸ਼ਨ ਕੇਂਦਰ ਬਣਾ ਰਹੇ ਹਾਂ।"

- *ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਵਾਈਸ-ਚੇਅਰ, ਇਕੋਨੋਮਿਕ ਡਿਵੈਲਪਮੈਂਟ ਐਂਡ ਕਲਚਰ, ਸਿਟੀ ਆਫ ਬ੍ਰੈਂਪਟਨ*

"ਸਾਡੀ ਇਕੋਨੋਮਿਕ ਡਿਵੈਲਪਮੈਂਟ ਟੀਮ ਲਗਾਤਾਰ, ਸਾਡੀ ਸਮੁੱਚੀ ਕਮਿਊਨਿਟੀ ਨੂੰ ਫਾਇਦਾ ਪਹੁੰਚਾਉਣ ਲਈ, ਸਾਡੇ ਸ਼ਹਿਰ ਨੂੰ ਇੱਕ ਸਿੱਖਿਆ ਅਤੇ ਇਨੋਵੇਸ਼ਨ ਕੇਂਦਰ ਵਿੱਚ ਵਿਕਸਿਤ ਕਰਨ ਵਿੱਚ ਅਗਵਾਈ ਕਰ ਰਹੀ ਹੈ। ਕੈਨੇਡਾ ਦੇ ਇਨੋਵੇਸ਼ਨ ਕੋਰੀਡੋਰ ਤੇ ਸਾਡੀ ਮੁੱਖ ਥਾਂ, ਬਹੁਮੁੱਲੀਆਂ ਭਾਈਵਾਲੀਆਂ ਅਤੇ

ਕੁਸ਼ਲ ਅਤੇ ਵੰਨ-ਸੁਵੰਨੇ ਟੈਲੈਂਟ ਪੂਲ ਦੇ ਨਾਲ, ਅਸੀਂ ਸਾਡੇ ਡਾਉਨਟਾਉਨ ਦੀ ਸਮਰੱਥਾ ਦਾ ਵੱਧ ਤੋਂ ਵੱਧ ਫਾਇਦਾ ਲੈ ਰਹੇ ਹਾਂ, ਜੋ ਸਾਡੇ ਇਨੋਵੇਸ਼ਨ ਡਿਸਟ੍ਰਿਕਟ ਵੀਡੀਓ ਵਿੱਚ ਸਪਸ਼ਟ ਰੂਪ ਨਾਲ ਦਿਖਾਇਆ ਗਿਆ ਹੈ।"

- *ਕਲੇਅਰ ਬਾਰਨੇਟ (Clare Barnett), ਡਾਇਰੈਕਟਰ, ਇਕੋਨੋਮਿਕ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca